30 ਦਸੰਬਰ, 2020 (ਵਾਸ਼ਿੰਗਟਨ ਡੀ.ਸੀ.) -- ਇਸ ਹਫਤੇ ਪ੍ਰੈਸੀਡੈਂਟ ਟਰੰਪ ਨੇ 900 ਬਿਲੀਅਨ ਡਾਲਰ ਦੇ ਨਿਰਪੱਖ ਸਟਿਮੂਲਸ ਪੈਕਜ ਤੇ ਦਸਤਖ਼ਤ ਕਰ ਦਿੱਤੇ ਹਨ। ਇਹ ਨਵਾਂ ਦਸਤਾਵੇਜ 2.2 ਟ੍ਰਿਲੀਅਨ ਡਾਲਰ ਵਾਲੇ ਮਾਰਚ ਵਿਚ ਲਾਗੂ ਹੋਏ CARES ਐਕਟ ਦੇ ਕਈ ਹਿੱਸਿਆਂ ਨੂੰ ਵਾਧਾ ਦੇਂਦਾ ਹੈ। 2020 ਵਿਚ ਪਾਸ ਹੋਣ ਵਾਲਾ ਇਹ ਦੂੱਜਾ ਵੱਡਾ ਪੈਕਜ ਹੈ ਜੋ ਕਿ COVID-19 ਨਾਲ ਪ੍ਰਭਾਵਿਤ ਹੋਏ ਲੱਖਾਂ ਅਮਰੀਕੀਆਂ ਨੂੰ ਮਦਦ ਮੁਹਈਆ ਕਰਵਾਉਣ ਲਈ ਲਾਗੂ ਕਿੱਤੇ ਗਏ ਹਨ।

5600 ਪੰਨਿਆਂ ਦਾ ਇਹ ਨਵਾਂ ਦਸਤਾਵੇਜ਼ ਸਟਿਮੂਲਸ ਦੇ ਚੈੱਕ, COVID-19 ਦੀ ਵੈਕਸੀਨ, ਬੇਰੋਜ਼ਗਾਰੀ ਬੇਨੇਫਿਟ, ਅਤੇ ਘੱਟ ਕਮਾਈ ਵਾਲੇ ਅਮਰੀਕੀਆਂ ਨੂੰ ਕੁਛ ਖਾਸ ਖੇਤਰਾਂ ਵਿਚ ਮਦਦ ਮੁਹਈਆ ਕਰਵਾਉਂਦਾ ਹੈ। ਕੁਝ ਛੋਟੇ ਵਪਾਰੀਆਂ ਨੂੰ ਮਾਫ਼ ਹੋਣ ਵਾਲੇ ਕਰਜ਼, ਅਤੇ ਟੈਕਸ ਕਰੈਡਿਟ ਰਾਹੀਂ ਹੋਰ ਮਦਦ ਮੁਹਈਆ ਕਰਵਾਈ ਜਾਏਗੀ।

ਹੇਠਾਂ ਸੰਖੇਪ ਵਿਚ ਦੱਸਿਆ ਹੈ ਕਿ ਇਥੇ ਅਮਰੀਕਾ ਵਿਚ ਇਸ ਨਵੇਂ ਸਟਿਮੂਲਸ ਬਿੱਲ ਦਾ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਕਿ ਮਤਲਬ ਹੈ।

## ਸਿਟੀਜ਼ਨਸ਼ਿਪ ਉਤੇ ਪ੍ਰਭਾਵ

ਪ੍ਰਵਾਸੀਆਂ ਨੂੰ ਇਸ ਗੱਲ ਦੀ ਜਾਣਕਾਰੀ ਰੱਖਣੀ ਚਾਹੀਦੀ ਹੈ ਕਿ CARES Act ਜਾ ਉਸਤੋਂ ਪਹਿਲਾਂ ਪਾਸ ਹੋਈ Families First Coronavirus Response Act, ਤੋਂ ਇਲਾਵਾ ਫੈਡਰਲ ਸਰਕਾਰ ਵੱਲੋਂ ਫੰਡ ਕਿੱਤੇ ਗਏ ਬੇਨੇਫਿਟ ਲੈਣ ਨਾਲ, ਭਵਿੱਖ ਵਿਚ ਤੁਹਾਡੀ ਵੀਸਾ ਜਾਂ ਸਿਟੀਜ਼ਨਸ਼ਿਪ ਦੀਆਂ ਐਪਲੀਕੇਸ਼ਨਾਂ ਤੇ ਅਸਰ ਪੈ ਸਕਦਾ ਹੈ। USCIS ਨੇ ਪਹਿਲਾਂ ਇਕ ਫ਼ੈਕ੍ਰ ਸ਼ੀਟ ਜਾਰੀ ਕਿੱਤੀ ਸੀ ਜਿਸ ਵਿਚ ਪਬਲਿਕ ਚਾਰਜ ਰੂਲ ਬਾਰੇ ਗੱਲ ਕਿੱਤੀ ਗਈ ਹੈ ਅਤੇ ਇਹ ਸਟੇਟਮੈਂਟ ਵੀ ਜਾਰੀ ਕੀਤੀ ਸੀ। ਅਸੀਂ ਤਾਕੀਦ ਕਰਦੇ ਹਾਂ ਕਿ ਜੇ ਕੋਈ ਗੈਰ ਅਮਰੀਕੀ ਨਾਗਰਿਕ ਸਰਕਾਰੀ ਮਦਦ ਲੈਣ ਦਾ ਇੱਛੁਕ ਹੈ ਤਾਂ ਉਹਨਾਂ ਨੂੰ ਇਮੀਗ੍ਰੇਸ਼ਨ ਜਾਂ ਪਬਲਿਕ ਅੱਸੀਸਟੈਂਸ ਦੇ ਮਾਹਿਰ ਵਕੀਲ ਨਾਲ ਜਰੂਰ ਗੱਲ ਕਰਨੀ ਚਾਹੀਦੀ ਹੈ ਜੋ ਕਿ ਉਹਨਾਂ ਨੂੰ ਸਲਾਹ ਦੇ ਸਕਦੇ ਹਨ ਕਿ ਉਹ ਕਿਹੜੇ ਪ੍ਰੋਗਰਾਮਾਂ ਦੇ ਯੋਗ ਹਨ ਅਤੇ ਇਹਨਾਂ ਸਹੂਲਤਾਂ ਦਾ ਉਹਨਾਂ ਦੇ ਇਮੀਗ੍ਰੇਸ਼ਨ ਦੇ ਕੇਸ ਤੇ ਕਿ ਪ੍ਰਭਾਵ ਪੈ ਸਕਦਾ ਹੈ।

## ਬੇਰੋਜ਼ਗਾਰਾਂ ਲਈ ਬੇਨੇਫਿਟ

14 ਮਾਰਚ 2021 ਤੱਕ ਬੇਰੋਜ਼ਗਾਰੀ ਭਤੇ ਵਿਚ $300 ਵੱਧ ਮਿਲਣਗੇ। ਇਹ ਰਕਮ ਪਹਿਲਾਂ ਲਾਗੂ ਹੋਏ ਸਟਿਮੂਲਸ ਬਿੱਲ ਦੀ ਅੱਧੀ ਹੈ ਪਰ ਇਸ ਵਿਚ ਸੈਲਫ ਐਮਪਲੋਏਡ ਲੋਕਾਂ ਨੂੰ, ਗਿਗ ਵਰਕਰਸ, ਅਤੇ ਉਹ ਲੋਕ ਜਿਹੜੇ $100 ਪ੍ਰਤੀ ਹਫਤੇ ਦੇ ਸਟੇਟ ਬੇਨੇਫਿਟਸ ਨੂੰ ਖਤਮ ਕਰ ਚੁੱਕੇ ਹਨ, ਉਹਨਾਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਇਸ ਦੇ ਨਾਲ ਨਾਲ CARES Act ਦੇ ਤਹਿਤ ਚੱਲਣ ਵਾਲੇ ਬੇਰੋਜ਼ਗਾਰੀ ਪ੍ਰੋਗਰਾਮਾਂ ਨੂੰ 14 ਮਾਰਚ, 2021 ਤੱਕ ਵੱਧਾ ਦਿਤਾ ਗਿਆ ਹੈ। ਇਹਨਾਂ ਪ੍ਰੋਗਰਾਮਾਂ ਵਿਚ ਸ਼ਾਮਿਲ ਹਨ:

- Pandemic Unemployment Assistance (PUA), ਜੋ ਕਿ ਉਹਨਾਂ ਲੋਕਾਂ ਲਈ ਬੇਰੋਜ਼ਗਾਰੀ ਬੇਨੇਫਿਟ ਹੈ ਜੋ ਕਿ ਆਮ ਤੌਰ ਤੇ State Unemployement Insureance (UI) ਦੇ ਯੋਗ ਨਹੀਂ ਮੰਨੇ ਜਾਂਦੇ ਅਤੇ ਜਿਹਨਾਂ ਨੂੰ COVID-19 ਨਾਲ ਸੰਬੰਧਿਤ ਕਾਰਨਾਂ ਕਰਕੇ ਕੰਮ ਛਡਣਾ ਪਿਆ।
- Pandemic Emergency Unemployment Compensation (PEUC), ਜੋ ਕਿ ਅਸਲ ਵਿਚ 13 ਹਫਤਿਆਂ ਲਈ ਆਮ UI ਨੂੰ ਬੇਨੇਫਿਟ ਪ੍ਰਦਾਨ ਕਰਦਾ ਸੀ, ਉਸਨੂੰ ਵਧਾ ਕੇ ਹੁਣ 24 ਹਫਤਿਆਂ ਤੱਕ ਕਰ ਦਿੱਤਾ ਗਿਆ ਹੈ।
- 14 ਮਾਰਚ, 2021 ਤੋਂ ਬਾਅਦ ਜਿਹੜੇ ਕਾਮੇ PEUC ਜਾਂ PUA ਲਈ ਮੰਜ਼ੂਰ ਹਨ ਅਤੇ ਆਪਣੇ ਹਫ਼ਤੇ ਖਤਮ ਨਹੀਂ ਕਿੱਤੇ ਹਨ, ਉਹ 4 ਹੋਰ ਹਫਤਿਆਂ ਲਈ ਬੇਨੇਫਿਟ ਲੈਣਾ ਜਾਰੀ ਰੱਖ ਸਕਦੇ ਹਨ। ਇਹ ਅਪ੍ਰੈਲ 5, 2021 ਵਾਲੇ ਹਫਤੇ ਤੇ ਵੀ ਲਾਗੂ ਹੁੰਦਾ ਹੈ।

ਜੇ ਲੋੜ ਪੈਂਦੀ ਹੈ ਤਾਂ ਤੁਸੀਂ ਆਪਣੀ ਸਟੇਟ ਦੇ ਬੇਰੋਜ਼ਗਾਰੀ ਦਫ਼ਤਰ ਨਾਲ ਸੰਪਰਕ ਕਰਕੇ ਯੋਗਤਾ ਅਤੇ ਐਪਲੀਕੇਸ਼ਨ ਦੀਆਂ ਲੋੜਾਂ ਬਾਰੇ ਹੋਰ ਜਾਣਕਾਰੀ ਲੈ ਸਕਦੇ ਹੋ।

ਬੇਰੋਜ਼ਗਾਰੀ ਇੰਸ਼ੋਰਨਸ ਦੀਆਂ ਪੇਮੈਂਟਾਂ ਨੂੰ ਆਮ ਤੌਰ ਤੇ U.S. ਡਿਪਾਰਟਮੈਂਟ ਆਫ ਹੋਮਲੈਂਡ ਸਿਕਿਉਰਿਟੀ ਵਲੋਂ ਪਬਲਿਕ ਚਾਰਜ ਦਾ ਫੈਸਲਾ ਕਰਨ ਲਈ ਗਿਣਿਆ ਨਹੀਂ ਜਾਂਦਾ।

THE SIKHCOALITION

**ਸਟਿਮੂਲਸ ਪੇਮੈਂਟਾਂ ਦਾ ਨਵਾਂ ਦੌਰ**

ਮੌਜੂਦਾ ਕਾਨੂੰਨ ਦੇ ਤਹਿਤ, ਜਿਹਨਾਂ ਦੀ ਸਾਲਾਨਾ ਕਮਾਈ $75,000 ਤੱਕ ਹੈ ਉਹਨਾਂ ਨੂੰ ਵੱਧ ਤੋਂ ਵੱਧ $600 ਦੀ ਇਕ ਵਾਰ ਮਿਲਣ ਵਾਲੀ ਸਟਿਮੂਲਸ ਪੇਮੈਂਟ ਦਿੱਤੀ ਜਾਏਗੀ। ਘਰ ਦਾ ਹੈਡ ਜਿਸਦੀ ਕਮਾਈ $112,500 ਹੈ ਜਾਂ ਵਿਆਹੇ ਜੋੜੇ (ਜਾਂ ਉਹ ਲੋਕ ਜਿਹਨਾਂ ਦੇ ਪਤੀ/ਪਤਨੀ 2020 ਵਿਚ ਗੁਜ਼ਰ ਗਏ ਹੋਣ) ਜਿਹਨਾਂ ਦੀ ਸਾਲਾਨਾ ਕਮਾਈ $150,000 ਹੈ ਉਹਨਾਂ ਨੂੰ $1,200 ਮਿਲਣਗੇ। ਯੋਗ ਪਰਿਵਾਰ ਜਿਹਨਾਂ ਵਿਚ ਡਿਪੈਂਡੈਂਟ ਬਚੇ ਹਨ ਉਹਨਾਂ ਨੂੰ ਹਰ ਬਚੇ ਲਈ $600 ਵਾਧੂ ਮਿਲਣਗੇ। ਪਹਿਲੇ ਸਟਿਮੂਲਸ ਚੈੱਕ ਨਾਲੋਂ ਇਕ ਬਹੁਤ ਵੱਡਾ ਫਰਕ ਇਹ ਹੈ ਕਿ ਉਹਨਾਂ ਨਾਗਰਿਕਾਂ ਨੂੰ ਵੀ ਪੇਮੈਂਟ ਦਿੱਤੀ ਜਾਏਗੀ ਜਿਹਨਾਂ ਦੇ ਪਤੀ/ਪਤਨੀ ਕੋਲ ਸੋਸ਼ਲ ਸਿਕਿਉਰਿਟੀ ਨੰਬਰ ਨਹੀਂ ਹੈ। ਉਹ ਕੁਵਾਰੇ ਲੋਕ ਜਿਹਨਾਂ ਦੀ ਸਾਲਾਨਾ ਆਮਦਨ $99,000 ਤਕ ਅਤੇ ਵਿਆਹੇ ਜੋੜੇ ਜਿਹਨਾਂ ਦੀ ਆਮਦਨ $198,000 ਤਕ ਹੈ ਉਹਨਾਂ ਨੂੰ ਘੱਟਦੇ ਤੌਰ ਤੇ ਥੋੜੀ ਪੇਮੈਂਟ ਮਿਲੇਗੀ।

ਇਸ ਦਸਤਾਵੇਜ਼ ਦੀ ਲਿਖਤ ਵੇਲੇ, ਕਾਂਗਰਸ ਵਿਚ ਬਹਿਸ ਚਲ ਰਹੀ ਹੈ ਕਿ ਵਿਅਕਤੀਗਤ ਸਟਿਮੂਲਸ ਪੇਮੈਂਟਾਂ ਨੂੰ 600 ਡਾਲਰ ਤੋਂ ਵੱਧਾ ਕੇ 2,000 ਡਾਲਰ ਕਿੱਤਾ ਜਾਵੇ। ਪਰ ਕਾਂਗਰਸ ਮੈਂਬਰ ਅਜੇ ਤੱਕ ਕਿਸੇ ਸਮਝੌਤੇ ਤੇ ਨਹੀਂ ਪਹੁੰਚੇ ਹਨ। ਜਨਵਰੀ 2021 ਵਿਚ ਜੇ ਪੇਮੈਂਟਾਂ ਦੇ ਵਿਚ ਵਾਧਾ ਕੀਤਾ ਜਾਂਦਾ ਹੈ ਤਾਂ ਕਿਰਪਾ ਕਰਕੇ ਹੋਰ ਅਪਡੇਟਾਂ ਤੇ ਨਜ਼ਰ ਰੱਖੋ।

ਪਿਛਲੇ ਚੈੱਕ ਦੀ ਹੀ ਤਰਾਂਹ, ਜ਼ਿਆਦਾਤਰ ਲੋਕਾਂ ਨੂੰ ਚੈੱਕ ਲੈਣ ਲਈ ਕੋਈ ਐਪਲੀਕੇਸ਼ਨ ਨਹੀਂ ਲਾਣੀ ਪਏਗੀ। ਇੰਟਰਨਲ ਰੈਵੇਨਿਊ ਸਰਵਿਸ (IRS) ਲੋਕਾਂ ਦੀ ਕਮਾਈ ਦੀ ਯੋਗਤਾ ਦਾ ਹਿਸਾਬ ਇਸ ਸਾਲ ਫਾਈਲ ਕਿੱਤਿਆਂ ਗਈਆਂ ਇਨਕਮ ਟੈਕਸ ਦੀਆਂ ਰੀਟਰਨਾਂ ਦੇ ਆਧਾਰ ਤੇ ਲਾਏਗੀ। ਜੇ IRS ਕੋਲ ਤੁਹਾਡੀ ਡਾਇਰੈਕਟ ਡਿਪੋਸਿਟ ਦੀ ਜਾਣਕਾਰੀ ਹੈ ਤਾਂ ਤੁਹਾਨੂੰ ਪੇਮੈਂਟ ਉਸ ਰਾਹੀਂ ਦਿੱਤੀ ਜਾਵੇਗੀ। ਤੇ ਜੇ ਨਹੀਂ ਤਾਂ ਤੁਹਾਨੂੰ ਪੇਮੈਂਟ ਚੈੱਕ ਜਾ ਡੈਬਿਟ ਕਾਰਡ ਡਾਕ ਰਾਹੀਂ ਭੇਜਿਆ ਜਾਏਗਾ। ਰਿਪੋਰਟਾਂ ਆ ਰਹੀਆਂ ਹਨ ਕਿ ਟਰੈਸ਼ਰੀ ਡਿਪਾਰਟਮੈਂਟ ਨੇ ਘਰਬਾਰਾਂ ਨੂੰ ਸਟਿਮੂਲਸ ਦੇ ਚੈੱਕ ਡਾਕ ਰਾਹੀਂ ਭੇਜਣੇ ਸ਼ੁਰੂ ਕਰ ਦਿੱਤੇ ਹਨ। ਜਲਦ ਹੀ IRS ਇਕ ਵੈਬਸਾਈਟ ਦੇ ਰੂਪ ਵਿਚ ਆਨਲਾਈਨ ਟੂਲ ਲੈਕੇ ਆਏਗੀ ਜਿਸ ਨਾਲ ਤੁਸੀਂ ਆਪਣੀ ਪੇਮੈਂਟ ਨੂੰ ਟਰੈਕ ਕਰ ਸਕਦੇ ਹੋ। ਇਸ ਦਾ ਨਾਮ ਹੈ "Get My Payment"।

ਜੇ ਤੁਸੀਂ ਯੋਗ ਹੋ ਪਰ ਤੁਹਾਨੂੰ ਕਿਸੇ ਕਾਰਨ ਵਜੋਂ ਚੈੱਕ ਨਹੀਂ ਮਿਲਿਆ ਹੈ, ਤਾਂ ਤੁਸੀਂ 2021 ਦੇ ਸ਼ੁਰੂਆਤੀ ਮਹੀਨਿਆਂ ਵਿਚ ਜਦੋਂ 2020 ਦੇ ਟੈਕਸ ਫਾਈਲ ਕਰੋਗੇ ਤਾਂ ਤੁਸੀਂ ਉਹ ਪੇਮੈਂਟ ਕਲੇਮ ਕਰ ਸਕਦੇ ਹੋ। ਰਿਬੇਟ ਦੇ ਚੈੱਕਾਂ ਦੀ ਵਾਪਸੀ ਕਰਨ ਦੀ ਲੋੜ ਨਹੀਂ ਹੋਏਗੀ। ਜੇ ਕਿਸੇ ਵਿਅਕਤੀ ਦੀ 2020 ਵਿਚ ਆਮਦਨ ਘੱਟੀ ਹੈ ਜਾਂ ਪਰਿਵਾਰ ਦੇ ਵਿਚ ਹੋਰ ਮੈਂਬਰ ਜੁੜੇ ਹਨ, ਤਾਂ ਉਹ 2021 ਵਿਚ ਫਾਈਲ ਹੋਣ ਵਾਲੇ 2020 ਦੇ ਟੈਕਸ ਵਿਚ ਫਾਲਤੂ ਕਰੈਡਿਟ ਕਲੇਮ ਕਰਨ ਦੇ ਯੋਗ ਹੋ ਸਕਦੇ ਹਨ।

ਜੇ ਤੁਹਾਨੂੰ ਲੱਗਦਾ ਹੋ ਕਿ ਤੁਸੀਂ ਪੇਮੈਂਟ ਮਿਲਣ ਦੇ ਯੋਗ ਹੋ ਪਰ ਤੁਹਾਨੂੰ ਪਹਿਲੇ ਜਾਂ ਦੂੱਜੇ ਦੌਰ ਵਿਚ ਵੀ ਪੇਮੈਂਟ ਨਹੀਂ ਮਿਲਿ ਹੈ, ਤਾਂ ਤੁਹਾਡੇ ਕੋਲ ਮੌਕਾ ਹੋਏਗਾ ਕਿ ਤੁਸੀਂ ਪੇਮੈਂਟ ਨੂੰ 2020 ਦੀਆਂ ਟੈਕਸ ਦੀਆਂ ਰਿਟਰਨਾਂ ਵਿਚ ਕਲੇਮ ਕਰ ਸਕੋ। ਇਸ ਸਾਲ ਦੀਆਂ ਰਿਟਰਨਾਂ ਦੇ ਫਾਰਮ ਵਿਚ ਪੇਮੈਂਟ ਕਲੇਮ ਕਰਨ ਦੀ ਥਾਂ ਹੋਏਗੀ। ਜੇ ਤੁਸੀਂ ਆਮ ਤੌਰ ਤੇ ਰਿਟਰਨ ਫਾਈਲ ਨਹੀਂ ਕਰਦੇ ਅਤੇ ਪੇਮੈਂਟ ਦੇ ਯੋਗ ਹੋ, ਤਾਂ 2021 ਵਿਚ ਰਿਟਰਨ ਜਰੂਰ ਫਾਈਲ ਕਰੋ ਤਾਂ ਜੋ ਤੁਸੀਂ ਪੇਮੈਂਟ ਕਲੇਮ ਕਰ ਸਕੋ।

**ਅਵਿਕਸ਼ਨ (Eviction) ਅਤੇ ਹਾਊਸਿੰਗ ਲਈ ਮਦਦ**

ਫੈਡਰਲ ਸਰਕਾਰ ਵਲੋਂ ਅਵਿਕਸ਼ਨ ਜਾਂ ਘਰ ਨੂੰ ਖਾਲੀ ਕਰਵਾਏ ਜਾਣ ਤੇ ਲੱਗੀ ਪਾਬੰਦੀ ਨੂੰ ਜਨਵਰੀ ਦੇ ਅਖੀਰ ਤਕ ਵਧਾ ਦਿੱਤਾ ਗਿਆ ਹੈ। ਡਿਪਾਰਟਮੈਂਟ ਆਫ ਹਾਊਸਿੰਗ ਐਂਡ ਅਰਬਨ ਡਵੈਲਪਮੈਂਟ ਵਲੋਂ ਵੀ ਜਿਹੜੇ ਘਰਾਂ ਦੀ ਮੋਰਟਗੇਜ (mortgage) ਫੈਡਰਲ ਹੋਮ ਫੈਡਰੇਸ਼ਨ (FHA) ਵਲੋਂ ਕਿੱਤੀ ਗਈ ਹੈ, ਉਹਨਾਂ ਦੇ ਫੋਰਕਲੋਜ਼ਰ (foreclosure) ਨੂੰ 28 ਫਰਵਰੀ, 2021 ਤੱਕ ਮੁਅਤਲ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਰੈਂਟਲ ਅੱਸੀਸਟੈਂਸ ਫੰਡ ਲਈ 25 ਬਿਲੀਅਨ ਡਾਲਰ ਅਲਾਟ ਕੀਤੇ ਗਏ ਹਨ ਜਿਸਨੂੰ ਸਟੇਟ ਅਤੇ ਲੋਕਲ ਸਰਕਾਰਾਂ ਲੋਕਾਂ ਨੂੰ ਦੇ ਸਕਦੀਆਂ ਹਨ ਤਾਂ ਜੋ ਪੁਰਾਣੇ ਪੈਂਡਿੰਗ ਅਤੇ ਭਵਿੱਖ ਵਿਚ ਹੋਣ ਵਾਲੇ ਕਿਰਾਏ ਅਤੇ ਬਿਜਲੀ ਪਾਣੀ ਵਗੈਰਾਹ ਦੇ ਬਿੱਲ ਚੁਕਾਏ ਜਾ ਸਕਣ। ਇਸ ਦੇ ਯੋਗ ਹੋਣ ਲਈ ਹੋ ਸਕਦਾ ਹੈ ਕਿ ਕਿਰਾਏਦਾਰ ਦੀ ਆਮਦਨ ਘੱਟ ਹੋਣੀ ਜ਼ਰੂਰੀ ਹੋਵੇ। ਫੰਡਾ ਦੀ ਵਰਤੋਂ ਕਿਰਾਏ ਦੇ ਭੁਗਤਾਨ, ਪਹਿਲਾਂ ਤੋਂ ਪੈਂਡਿੰਗ ਕਿਰਾਏ ਦੇ ਭੁਗਤਾਨ, ਬਿਜਲੀ ਪਾਣੀ ਜਾਂ ਹੋਰ ਘਰੇਲੂ ਊਰਜਾ ਦੇ ਭੁਗਤਾਨ ਲਈ ਕੀਤਾ ਜਾ ਸਕਦਾ ਹੈ। ਸਟੇਟ ਅਤੇ ਲੋਕਲ ਮਦਦ ਲੈਣ ਬਾਰੇ ਹੋਰ ਜਾਣਕਾਰੀ ਲੈਣ ਲਈ ਤੁਸੀਂ National Low Income

Housing Coalition ਦੀ ਵੈਬਸਾਈਟ ਤੇ ਜਾ ਸਕਦੇ ਹੋ।

## ਛੋਟੇ ਕਾਰੋਬਾਰਾਂ ਲਈ ਮਦਦ

ਪੇਚੈੱਕ ਪ੍ਰੋਟੈਕਸ਼ਨ ਪ੍ਰੋਗਰਾਮ (PPP) ਜੋ ਕਿ ਮਾਰਚ ਵਿਚ ਫੈਡਰਲ ਸਰਕਾਰ ਦੁਆਰਾ ਬਣਾਇਆ ਗਿਆ ਸੀ, ਇਕ ਵਾਰ ਫਿਰ ਤੋਂ 284 ਬਿਲੀਅਨ ਡਾਲਰ ਨਾਲ ਸ਼ੁਰੂ ਕੀਤਾ ਗਿਆ ਹੈ ਅਤੇ ਉਸਦੇ ਕੁਝ ਨਵੇਂ ਨਿਯਮ ਅਤੇ ਹਿਦਾਇਤਾਂ ਵੀ ਜਾਰੀ ਕੀਤੇ ਗਏ ਹਨ। ਨਵੇਂ PPP ਦਾ ਮਕਸਦ ਨੌਕਰੀਆਂ ਬਚਾਉਣਾ ਅਤੇ ਕਾਰੋਬਾਰਾਂ ਨੂੰ ਖੁੱਲ੍ਹਾ ਰੱਖਣਾ ਹੈ। ਜਿਹੜੀਆਂ ਕੰਪਨੀਆਂ ਵਿਚ 300 ਤੋਂ ਘੱਟ ਕਰਮਚਾਰੀ ਹਨ ਉਹਨਾਂ ਨੂੰ 8 ਹਫਤਿਆਂ ਤਕ ਦੀਆਂ ਤੰਖਾਵਾਂ ਅਤੇ ਕੁਝ ਹੋਰ ਖਰਚਿਆਂ ਲਈ ਲੋਨ ਮੁਹਈਆ ਕਰਵਾਇਆ ਜਾਏਗਾ। ਲੋਨ ਦੀ ਵੱਧ ਤੋਂ ਵੱਧ ਰਕਮ 2 ਮਿਲੀਅਨ ਡਾਲਰ ਹੈ। ਛੋਟੇ ਕਾਰੋਬਾਰ, ਨਾਨ ਪ੍ਰੋਫਿਟ (**ਜਿਵੇਂ ਕਿ ਗੁਰੂਦਵਾਰੇ**), ਇੰਡਿਪੈਂਡੈਂਟ ਕਾਂਟ੍ਰੈਕਟਰ, LLC ਅਤੇ ਸੋਲ ਪ੍ਰੋਪਰਾਇਟਰਸ ਜੋ ਕਿ 15 ਫਰਵਰੀ, 2020 ਤੋਂ ਪਹਿਲਾਂ ਖੁਲੇ ਸੀ, ਉਹ ਸਭ PPP ਦੇ ਯੋਗ ਹਨ। ਯੋਗ ਹੋਣ ਲਈ, ਤੁਹਾਡੀ ਆਮਦਨ--Gross Receipt--ਵਿਚ 2019 ਦੇ ਮੁਕਾਬਲੇ ਕਿਸੇ ਇਕ ਕਵਾਟਰ ਵਿਚ ਘਟੋ ਘੱਟ 25% ਦਾ ਘਾਟਾ ਹੋਇਆ ਹੋਣਾ ਚਾਹੀਦਾ ਹੈ। ਇਦਾਂ ਲਗਦਾ ਹੈ ਕਿ ਇਸ ਘਾਟੇ ਨੂੰ ਕੁਆਰਟਰ ਵਿਚ ਨਾਪਿਆ ਜਾਵੇਗਾ ਅਤੇ ਨਾ ਕਿ ਸਿਰਫ ਤਿੰਨ ਮਹੀਨਿਆਂ ਦੇ ਸਮੇਂ ਅਨੁਸਾਰ। Gross Receipt ਵਿਚ PPP ਲੋਨ, ਕੋਈ ਹੋਰ ਦੂੱਜੇ ਲੋਨ ਜਾਂ ਗਰਾਂਟ ਦੀ ਰਕਮ ਨੂੰ ਸ਼ਾਇਦ ਸ਼ਾਮਿਲ ਨਹੀਂ ਕੀਤਾ ਜਾਏਗਾ।

ਇਹ ਲੋਨ ਜੋ ਕਿ ਸਮਾਲ ਬਿਜ਼ਨੇਸ ਅਡਮਿਨਿਸਟ੍ਰੇਸ਼ਨ ਵਲੋਂ ਗਰੰਟੀਸ਼ੁਦਾ ਹਨ, ਇਕ ਵਾਰ ਫਿਰ ਤੋਂ ਬੈਂਕ ਅਤੇ ਹੋਰ ਰਿਣਦਾਤੀਆਂ ਵਲੋਂ ਦਿੱਤੇ ਜਾਣਗੇ ਅਤੇ ਇਹਨਾਂ ਨੂੰ ਇਸ ਤਰੀਕੇ ਨਾਲ ਬਣਾਇਆ ਗਿਆ ਹੈ ਕਿ ਜੇ ਕਾਰੋਬਾਰ ਅਤੇ ਨਾਨ ਪ੍ਰਾਫਿਟ, ਪ੍ਰੋਗਰਾਮ ਦੇ ਨਿਯਮਾਂ ਦੀ ਪਾਲਣਾ ਕਰਦੇ ਹਨ ਤਾਂ ਉਹਨਾਂ ਦੇ ਕਰਜ਼ ਨੂੰ ਮਾਫ ਕੀਤਾ ਜਾ ਸਕੇ। ਨਵੇਂ ਨਿਯਮ ਦੇ ਤਹਿਤ ਇਸ ਕਰਜ਼ ਦੀ ਵਰਤੋਂ ਨਾਲ ਪੂਰੇ ਕਿੱਤੇ ਜਾਨ ਵਾਲੇ ਖਰਚਿਆਂ ਦੀ ਲਿਸਟ ਵਿਚ ਹੋਰ ਵਾਧਾ ਕੀਤਾ ਗਿਆ ਹੈ। ਪਿਛਲੇ PPP ਦੇ ਤਹਿਤ ਫੰਡਾਂ ਨੂੰ ਤੰਖਾਵਾਂ, ਕਿਰਾਇਆ ਅਤੇ ਹੋਰ ਯੂਟਿਲਿਟੀਜ਼ ਦੇ ਭੁਗਤਾਨ ਲਈ ਹੀ ਵਰਤਿਆ ਜਾ ਸਕਦਾ ਸੀ ਪਰ ਹੁਣ ਨਵੇਂ PPP ਦੇ ਤਹਿਤ ਕਰਜ਼ ਦਾ ਕੁਝ ਹਿਸਾ ਕਾਰੋਬਾਰ ਉਤੇ ਵਰਤੋਂ ਲਈ ਸਮਾਨ ਜਾਂ ਸੁਰੱਖਿਆ ਉਪਕਰਣ ਖਰੀਦਣ, ਜਾਇਦਾਦ ਦੇ ਨੁਕਸਾਨ ਨੂੰ ਠੀਕ ਕਰਨ ਲਈ, ਅਤੇ ਕੁਝ ਹੋਰ ਚੀਜ਼ਾਂ ਲਈ ਵੀ ਕਿੱਤਾ ਜਾ ਸਕਦਾ ਹੈ।

ਫਿਲਹਾਲ ਇਹ ਸਾਫ ਨਹੀਂ ਹੈ ਕਿ ਸਮਾਲ ਬਿਜ਼ਨੇਸ ਅਡਮਿਨਿਸਟ੍ਰੇਸ਼ਨ ਲੋਨ ਦੀਆਂ ਐਪਲਿਕੇਸ਼ਨਾਂ ਕਦੋਂ ਲੈਣੀਆਂ ਸ਼ੁਰੂ ਕਰੇਗਾ ਪਰ ਏਜੰਸੀ ਨੇ ਇਹ ਕਿਹਾ ਹੈ ਕਿ ਉਹ ਜਲਦ ਤੋਂ ਜਲਦ ਪ੍ਰੋਗਰਾਮ ਨੂੰ ਦੁਬਾਰਾ ਸ਼ੁਰੂ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਸਾਡੀ ਸਲਾਹ ਹੈ ਕਿ ਵਪਾਰੀ ਜਲਦ ਤੋਂ ਜਲਦ ਆਪਣੇ ਬੈਂਕਾਂ ਨਾਲ ਗੱਲ ਕਰਕੇ ਵਧੇਰੇ ਜਾਣਕਾਰੀ ਲੈਣ ਕਿਉਂਕਿ ਲੋਨਾਂ ਨੂੰ ਪਹਿਲਾਂ ਆਓ, ਪਹਿਲਾਂ ਪਾਓ ਦੇ ਤਹਿਤ ਦਿੱਤਾ ਜਾਂਦਾ ਹੈ। ਇਹ ਵੇਖਣ ਲਈ ਕਿ ਪਿਛਲੀ ਵਾਰ ਦੇ PPP ਲੋਨ ਲਈ ਕਿ ਲੋੜਾਂ ਪੂਰੀਆਂ ਕਰਨ ਦੀ ਲੋੜ ਸੀ, ਸਾਡੇ ਵਲੋਂ ਜਾਰੀ ਕੀਤੇ ਅਪ੍ਰੈਲ 2020 ਦੇ CARES Act ਦੇ ਵਿਸ਼ਲੇਸ਼ਣ ਦੀ ਜਾਂਚ ਕਰ ਸਕਦੇ ਹੋ।

ਨਵਾਂ ਕਾਨੂੰਨ ਹੁਣ ਕਾਰੋਬਾਰਾਂ ਨੂੰ ਉਨ੍ਹਾਂ ਦੇ ਮੁਆਫ ਕੀਤੇ PPP ਕਰਜ਼ਿਆਂ ਨਾਲ ਜੁੜੇ ਹੋਰ ਖਰਚਿਆਂ ਨੂੰ ਕੱਟਣ ਦੀ ਆਗਿਆ ਦਿੰਦਾ ਹੈ, ਅਤੇ ਨਾਲ ਹੀ ਕਰਮਚਾਰੀਆਂ ਨੂੰ ਨੌਕਰੀਆਂ ਤੋਂ ਕੱਢੇ ਜਾਣ ਤੋਂ ਰੋਕਣ ਲਈ ਐਮਪਲੋਈ ਰਿਟੇਂਸ਼ਨ ਕਰੈਡਿਟ ਨੂੰ ਵਧਾਉਣ ਦੀ ਸੁਵਿਧਾ ਵੀ ਦੇਂਦਾ ਹੈ। ਇਸ ਵਿੱਚ ਕਾਰੋਬਾਰ ਨਾਲ ਜੁੜੇ ਖਾਣ ਪੀਣ ਦੇ ਖਰਚਿਆਂ ਲਈ ਦੋ ਸਾਲਾਂ ਲਈ ਟੈਕਸ ਵਿੱਚ ਬਰੇਕ, ਪੇਡ ਸਿੱਕ ਲੀਵ ਦੀ ਪੇਸ਼ਕਸ਼ ਕਰਨ ਵਾਲੇ ਮਾਲਕਾਂ ਲਈ ਪੇਰੋਲ ਟੈਕਸ ਦੀ ਸਬਸਿਡੀ ਵਧਾਉਣਾ, ਅਤੇ ਕਮਾਏ ਗਏ ਇੰਕਮ ਟੈਕਸ ਕ੍ਰੈਡਿਟ ਨੂੰ ਵਧਾਉਣਾ ਸ਼ਾਮਲ ਹੈ।

ਜੇ ਤੁਹਾਨੂੰ ਆਪਣੇ ਵਪਾਰ ਜਾਂ ਨਾਨ ਪ੍ਰਾਫਿਟ ਲਈ ਉਪਲਬਧ ਵਿਤੀ ਮਦਦ ਬਾਰੇ ਵਧੇਰੇ ਜਾਣਕਾਰੀ ਦੀ ਲੋੜ ਹੈ ਤਾਂ ਤੁਸੀਂ ਸਮਾਲ ਬਿਜ਼ਨੇਸ ਅਡਮਿਨਿਸਟ੍ਰੇਸ਼ਨ ਦੇ ਜ਼ਰੀਏ ਲੋਕਲ ਅੱਸੀਸਟੈਂਸ ਪਾਰਟਨਰ ਦੀ ਭਾਲ ਕਰ ਸਕਦੇ ਹੋ। ਇਹ ਪਾਰਟਨਰ ਤੁਹਾਨੂੰ ਫੈਡਰਲ, ਸਟੇਟ ਅਤੇ ਲੋਕਲ ਮਦਦ ਦੇ ਪ੍ਰੋਗਰਾਮਾਂ ਵਿਚ ਤੁਹਾਡੀ ਮਦਦ ਕਰ ਸਕਦੇ ਹਨ।

## ਕਾਂਟਰੈਕਟਰ ਲਈ ਮਦਦ

ਇਹ ਕਾਨੂਨ ਹੁਣ ਇਜਾਜ਼ਤ ਦੇਂਦਾ ਹੈ ਕਿ ਜੇ ਫੈਡਰਲ ਦਫ਼ਤਰ ਬੰਦ ਵੀ ਹੋਣ ਤਾਂ ਫੈਡਰਲ ਕਾਂਟਰੈਕਟਰ ਆਪਣੇ ਕਰਮਚਾਰੀਆਂ ਨੂੰ ਕੰਮ ਤੇ ਰੱਖਣਾ ਜਾਰੀ ਰੱਖ ਸਕਦੇ ਹਨ।

**ਭੋਜਨ ਲਈ ਸਹਾਇਤਾ**

ਭੋਜਨ ਲਈ ਵਧੇਰੀ ਸਹਾਇਤਾ ਲਈ 13 ਬਿਲੀਅਨ ਡਾਲਰ ਰਖੇ ਗਏ ਹਨ, ਜਿਸ ਨਾਲ ਮਾਸਿਕ ਫ਼ੂਡ ਸਟੈਂਪ ਦੀਆਂ ਸਹੂਲਤਾਂ ਜਿਸਨੂੰ Supplemental Nutrition Assistance Program (SNAP) ਵੀ ਆਖਦੇ ਹਨ-- ਨੂੰ 15% ਦਾ ਵਾਧਾ ਮਿਲਿਆ ਹੈ। ਇਸ ਫੰਡਿੰਗ ਵਿਚੋਂ 400 ਮਿਲੀਅਨ ਡਾਲਰ ਫ਼ੂਡ ਬੈਂਕ ਅਤੇ ਪੈਂਟਰਿਆਂ ਨੂੰ ਸਪੋਰਟ ਕਰਨ ਲਈ ਵਰਤਿਆ ਜਾਵੇਗਾ ਅਤੇ 175 ਮਿਲੀਅਨ ਡਾਲਰ ਬਜ਼ੁਰਗ ਅਮਰੀਕੀਆਂ ਦੀ ਮਦਦ ਲਈ ਚਲਦੇ ਪ੍ਰੋਗਰਾਮਾਂ ਲਈ ਰੱਖਿਆ ਗਿਆ ਹੈ। ਪਰ ਕਾਨੂਨ ਵਿਚ SNAP ਦੀ ਸਹੂਲਤਾਂ ਲੈਣ ਲਈ ਜੋ ਯੋਗਤਾ ਦੇ ਪੈਮਾਨੇ ਹਨ ਉਹਨਾਂ ਵਿਚ ਕੁਝ ਬਦਲਾਵ ਨਹੀਂ ਕੀਤਾ ਗਿਆ ਹੈ।

**ਵੈਕਸੀਨ, ਟੈਸਟ ਅਤੇ ਟਰੇਸਿੰਗ**

2021 ਵਿਚ ਅਸਾਨੀ ਨਾਲ ਉਪਲਬਧ ਹੋਣ ਤੇ, COVID-19 ਦੇ ਟੀਕੇ ਸਾਰੇ ਅਮਰੀਕੀਆਂ ਨੂੰ ਮੁਫਤ ਵਿਚ ਦਿੱਤੇ ਜਾਣਗੇ। ਇਸ ਗੱਲ ਦਾ ਕੋਈ ਫਰਕ ਨਹੀਂ ਪੈਂਦਾ ਕਿ ਤੁਹਾਡਾ ਇਮੀਗ੍ਰੇਸ਼ਨ ਸਟੇਟਸ ਕਿ ਹੈ। ਇਸ ਸਟਿਮੂਲਸ ਪੈਕੇਜ ਵਿਚ ਸਟੇਟਾਂ ਨੂੰ COVID-19 ਦੇ ਟੈਸਟ ਅਤੇ ਟਰੇਸਿੰਗ ਕਰਨ ਲਈ ਫੰਡਿੰਗ ਵੀ ਦਿੱਤੀ ਗਈ ਹੈ।

ਡਿਪਾਰਟਮੈਂਟ ਆਫ ਹੈਲਥ ਐਂਡ ਹਿਊਮਨ ਸਰਵਿਸਜ਼ ਨੇ ਕਿਹਾ ਹੈ ਕਿ ਟੀਕਾਕਰਨ ਲਈ ਕਿਸੇ ਕੋਲੋਂ ਵੀ ਨਿਜੀ ਜਾਣਕਾਰੀ ਜਿਵੇਂ ਕਿ ਡਰਾਈਵਰ ਲਾਇਸੈਂਸ, ਪਾਸਪੋਰਟ, ਜਾਂ ਸਿਟੀਜ਼ਨਸ਼ਿਪ ਦਾ ਸਬੂਤ ਦੇਣ ਲਈ ਹੋਰ ਕਿਸੇ ਕਿਸਮ ਦੇ ਦਸਤਾਵੇਜ਼ਾਂ ਦੀ ਮੰਗ ਨਹੀਂ ਕਿੱਤੀ ਜਾਏਗੀ। ਵੀਜ਼ਾ ਅਤੇ ਨਾਗਰਿਕਤਾ ਦੀਆਂ ਅਰਜ਼ੀਆਂ ਪੂਰੀਆਂ ਕਰਨ ਦੀ ਭਾਲ ਕਰਨ ਵਾਲਿਆਂ ਲਈ ਜਨਤਕ ਚਾਰਜ ਦ੍ਰਿੜਤਾ ਕਰਨ ਦੇ ਉਦੇਸ਼ਾਂ ਲਈ, USCIS ਨੇ ਐਲਾਨ ਕੀਤਾ ਹੈ ਕਿ ਏਜੇਂਸੀ COVID-19 ਨਾਲ ਸੰਬੰਧਿਤ ਟੈਸਟ, ਇਲਾਜ, ਰੋਕਥਾਮ ਜਿਵੇਂ ਕਿ ਟੀਕਾਕਰਨ ਵਗੈਰਾਹ ਨੂੰ ਪਬਲਿਕ ਚਾਰਜ ਦੀ ਦ੍ਰਿੜਤਾ ਕਰਨ ਲਈ ਨਹੀਂ ਵਰਤੇਗੀ। USCIS ਸਭ ਨੂੰ ਉਤਸਾਹਿਤ ਕਰ ਰਹੀ ਹੈ ਕਿ ਜੇ ਤੁਹਾਡੇ ਵਿਚ  COVID-19 ਦੇ ਲੱਛਣ (ਜਿਵੇਂ ਕਿ ਬੁਖਾਰ, ਖੰਗ, ਸਾਹ ਲੈਣ ਵਿਚ ਦਿੱਕਤ) ਹਨ ਤਾਂ ਤੁਹਾਨੂੰ ਉਚਿਤ ਡਾਕਟਰੀ ਇਲਾਜ ਅਤੇ ਰੋਕਥਾਮ ਲਈ ਕਦਮ ਚੁੱਕਣੇ ਚਾਹੀਦੇ ਹਨ। ਪਰ, ਜੇ ਤੁਸੀਂ ਜਾਂ ਤੁਹਾਡਾ ਕੋਈ ਜਾਣਕਾਰ ਅਮਰੀਕਾ ਦਾ ਸਿਟੀਜ਼ਨ ਨਹੀਂ ਹੈ ਅਤੇ ਤੁਹਾਨੂੰ ਟੀਕਾਕਰਨ ਨਾਲ ਸੰਬੰਧਿਤ ਕੁਝ ਚਿੰਤਾਵਾਂ ਹਨ, ਤਾਂ ਅਸੀਂ ਤੁਹਾਨੂੰ ਤਾਕੀਦ ਕਰਦੇ ਹਾਂ ਕਿ ਤੁਸੀਂ ਕਿਸੇ ਇਮੀਗ੍ਰੇਸ਼ਨ ਜਾਂ ਪਬਲਿਕ ਅੱਸੀਸਟੈਂਸ ਪ੍ਰੋਗਰਾਮ ਦੇ ਮਾਹਿਰ ਵਕੀਲ ਨਾਲ ਗੱਲ ਕਰੋ ਜੋ ਕਿ ਤੁਹਾਨੂੰ ਸਹੀ ਸਲਾਹ ਦੇ ਸਕਦੇ ਹਨ।

**ਸਟੂਡੈਂਟ ਲੋਨ**

ਸਟੂਡੈਂਟ ਲੋਨ ਲਈ ਮੁਆਫੀ ਜਾਂ ਪੇਮੈਂਟ ਭੁਗਤਾਨ ਅਤੇ ਵਿਆਜ ਨੂੰ ਮੁਲਤਵੀ ਕਰਨ ਦੀ ਕੋਈ ਸੁਵਿਧਾ ਨਹੀਂ ਹੈ। ਜਿਹਨਾਂ ਦੇ ਸਟੂਡੈਂਟ ਲੋਨ ਚਲ ਰਹੇ ਹਨ, ਉਹਨਾਂ ਨੂੰ ਫਰਵਰੀ 2021 ਵਿਚ ਪੇਮੈਂਟਾਂ ਦੇ ਭੁਗਤਾਨ ਕਰਨਾ ਸ਼ੁਰੂ ਕਰਨਾ ਪਏਗਾ।

**ਚਾਈਲਡ ਕੇਅਰ ਅਤੇ ਸਿਖਿਆ**

ਇਸ ਕਾਨੂਨ ਦੇ ਤਹਿਤ ਸਿਖਿਆ ਲਈ 82 ਬਿਲੀਅਨ ਡਾਲਰ ਮੁਹਈਆ ਕਰਵਾਏ ਗਏ ਹਨ, ਜਿਸ ਵਿਚ ਪਬਲਿਕ K-12 ਸਕੂਲਾਂ ਲਈ 54 ਬਿਲੀਅਨ ਡਾਲਰ ਅਤੇ ਕਾਲਜਾਂ ਅਤੇ ਯੂਨੀਵਰਸਿਟੀਆਂ ਲਈ 23 ਬਿਲੀਅਨ ਡਾਲਰ ਸ਼ਾਮਲ ਹਨ। ਇਸ ਫੰਡਿੰਗ ਦੀ ਵਰਤੋਂ ਸਕੂਲਾਂ ਨੂੰ ਖੋਲਣ ਦੀ ਤਿਆਰੀ ਕਰਨ ਵਿਚ ਵਰਤਿਆ ਜਾਵੇਗਾ ਤਾਂ ਜੋ ਉਹ ਵਿਅਕਤੀਗਤ ਸੁਰੱਖਿਆ ਉਪਕਰਨ ਅਤੇ ਵੈਂਟਿਲੇਸ਼ਨ ਸਿਸਟਮਾਂ ਨੂੰ ਠੀਕ ਕਰ ਸਕਣ, ਅਤੇ ਨਾਲ ਹੀ ਕੰਪਿਊਟਰ ਅਤੇ ਇੰਟਰਨੇਟ ਕੰਨੈਕਸ਼ਨ, ਟੀਚਰਾਂ ਨੂੰ ਟ੍ਰੇਨਿੰਗ ਅਤੇ ਸਮਰ ਸਕੂਲ ਮੁਹਈਆ ਕਰਵਾਏ ਜਾ ਸਕਣ। ਐਮਰਜੰਸੀ ਘਰੇਲੂ ਬ੍ਰਾਡਬੈਂਡ ਇੰਟਰਨੇਟ ਲਈ 3.2 ਬਿਲੀਅਨ ਡਾਲਰ ਵੀ ਹਨ ਜਿਸ ਨਾਲ ਘੱਟ ਆਮਦਨ ਵਾਲੇ ਸਟੂਡੈਂਟਾਂ ਨੂੰ 50 ਡਾਲਰ ਪ੍ਰਤੀ ਮਹੀਨਾ ਇੰਟਰਨੇਟ ਦੇ ਖਰਚ ਨੂੰ ਪੂਰਾ ਕਰਨ ਲਈ ਦਿੱਤਾ ਜਾਵੇਗਾ।

ਚਾਈਲਡ ਕੇਅਰ ਇੰਡਸਟਰੀ ਲਈ 10 ਬਿਲੀਅਨ ਡਾਲਰ ਉਪਲੱਭਧ ਹੋਣਗੇ। ਇਹਨਾਂ ਫੰਡਾਂ ਦੀ ਵਰਤੋਂ ਬੱਚਿਆਂ ਦੀ ਦੇਖਭਾਲ ਦੀਆਂ ਸੇਵਾਵਾਂ ਦੇ ਪ੍ਰਦਾਤਾਵਾਂ ਨੂੰ ਖੁੱਲੇ ਰੱਖਣ ਅਤੇ ਸਟਾਫ਼ ਨੂੰ ਤੰਖਾਵਾਂ ਦੇਣ ਲਈ ਕਿੱਤਾ ਜਾਵੇਗਾ। ਇਸਦੇ ਨਾਲ ਨਾਲ ਇਹਨਾਂ ਫੰਡਾਂ ਦੀ ਵਰਤੋਂ ਉਹਨਾਂ ਪਰਿਵਾਰਾਂ ਦੀ ਮਦਦ ਕਰਨ ਲਈ ਵੀ ਕਿੱਤਾ ਜਾਏਗਾ ਜੋ ਟਯੂਸ਼ਨ ਦੀਆਂ ਪੇਮੈਂਟਾਂ ਦੇਣ ਲਈ ਸੰਘਰਸ਼ ਕਰ ਰਹੇ ਹਨ।

## ਮੈਡੀਕਲ ਬਿਲਿੰਗ

ਇਹ ਨਵਾਂ ਕਾਨੂੰਨ ਮਰੀਜ਼ਾਂ ਨੂੰ “ਅਚਾਨਕ” ਆਉਣ ਵਾਲੇ ਮੈਡੀਕਲ ਬਿੱਲਾਂ ਤੋਂ ਵੀ ਬਚਾਉਂਦਾ ਹੈ। ਇਸ ਦੇ ਨਾਲ ਮੈਡੀਕਲ ਬੀਮਾ ਹੋਣ ਦੇ ਬਾਵਜੂਦ ਅਚਾਨਕ ਆਊਟ-ਆਫ-ਨੈੱਟਵਰਕ ਅਤੇ ਐਮਰਜੰਸੀ ਦੇਖਭਾਲ ਲਈ ਆਉਣ ਵਾਲੇ ਵੱਡੇ ਬਿੱਲਾਂ ਤੇ ਵੀ ਹਮੇਸ਼ਾਂ ਲਈ ਰੋਕ ਲਗ ਜਾਏਗੀ। 2022 ਦੀ ਸ਼ੁਰੂਆਤ ਵਿਚ, ਮਰੀਜ਼ਾਂ ਨੂੰ ਬੈਲੰਸ ਬਿਲ ਨਹੀਂ ਮਿਲਣਗੇ ਜਦੋਂ ਉਹਨਾਂ ਨੂੰ ਐਮਰਜੰਸੀ ਦੇਖਭਾਲ ਦਿੱਤੀ ਜਾਂਦੀ ਹੈ, ਜਦੋਂ ਉਹਨਾਂ ਨੂੰ ਹਵਾਈ ਐਮਬੂਲੈਂਸ ਰਾਹੀਂ ਇਕ ਥਾਂ ਤੋਂ ਦੂੱਜੀ ਤੇ ਲੈਕੇ ਜਾਇਆ ਜਾਂਦਾ ਹੈ, ਜਾਂ ਫਿਰ ਉਹਨਾਂ ਨੂੰ ਇਨ-ਨੈੱਟਵਰਕ ਅਸਪਤਾਲ ਵਿਖੇ ਗੈਰ ਐਮਰਜੰਸੀ ਦੇਖਭਾਲ ਦਿੱਤੀ ਜਾਂਦੀ ਹੈ ਪਰ ਬਿਨਾਂ ਜਾਣਕਾਰੀ ਦੇ ਆਊਟ-ਆਫ-ਨੈੱਟਵਰਕ ਡਾਕਟਰ ਜਾਂ ਲੈਬੋਰਟਰੀ ਦੁਆਰਾ ਇਲਾਜ ਮੁਹਈਆ ਕਰਵਾਇਆ ਜਾਂਦਾ ਹੈ। ਮਰੀਜ਼ਾਂ ਨੂੰ ਉਹਨਾਂ ਦੇ ਬੀਮਾ ਪਲਾਨ ਦੇ ਮੁਤਾਬਿਕ ਇਨ-ਨੈੱਟਵਰਕ ਦੀਆਂ ਹਿਦਾਇਤਾਂ ਦੇ ਹਿਸਾਬ ਨਾਲ ਜੋ ਡਿਡਕਟਿਬਲ ਅਤੇ ਕੋ-ਪੇਮੈਂਟ ਬਣਦੀ ਹੈ ਸਿਰਫ ਉਹ ਹੀ ਦੇਣੀ ਪਵੇਗੀ।

ਜਿਵੇਂ ਜਿਵੇਂ ਫੈਡਰਲ ਸਰਕਾਰ ਵਧੇਰੇ ਮਦਦ ਪ੍ਰਦਾਨ ਕਰਵਾਉਂਦੀ ਹੈ ਜਿਸ ਨਾਲ COVID-19 ਨਾਲ ਪ੍ਰਭਾਵਿਤ ਹੋਏ ਲੋਕਾਂ, ਕਾਰੋਬਾਰਾਂ, ਅਤੇ ਗੁਰੂਦਵਾਰਿਆਂ ਦੀ ਮਦਦ ਹੋ ਸਕਦੀ ਹੈ, ਸਿੱਖ ਕੋਲਿਸ਼ਨ ਉਹਨਾਂ ਬਾਰੇ ਜਾਣਕਾਰੀ ਅਤੇ ਸਰੋਤ ਮੁਹਈਆ ਕਰਵਾਉਣਾ ਜਾਰੀ ਰੱਖੇਗੀ।

ਹਮੇਸ਼ਾਂ ਦੀ ਤਰਾਂਹ, ਸਿੱਖ ਕੋਲਿਸ਼ਨ ਤੁਹਾਨੂੰ ਤਾਕੀਦ ਕਰਦੀ ਹੈ ਕਿ ਤੁਸੀਂ ਆਪਣੇ ਧਰਮ ਦਾ ਅਭਿਆਸ ਨਿਡਰ ਹੋ ਕੇ ਕਰੋ।